SED-EDU4011/47/2022-4EDU4/1/648726/2023 ਮਿਤੀ:25-09-2023

DGSE(mm)
26-9-23
om-MIS

ਪੰਜਾਬਸਰਕਾਰ

ਸਿੱਖਿਆਵਿਭਾਗ

(ਸਿੱਖਿਆ-4 ਸ਼ਾਖਾ)

<u>ਹੁਕਮ</u>

ਸ਼੍ਰੀ ਬ੍ਰਿਜਮੋਹਨ ਸਿੰਘ, ਪ੍ਰਿੰਸੀਪਲ , ਸਸਸਸ ਮਾਹਮੂਜੋਇਆ , ਜ਼ਿਲ੍ਹਾ ਫਾਜ਼ਿਲਕਾ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰਬਰ 9270 ਆਫ 2023 ਦਾਇਰ ਕਰਦੇ ਹੋਏ ਉਸਦੇ ਅੰਗਹੀਣ ਹੋਣ ਕਾਰਨ ਉਸਦੀ ਸੇਵਾ ਨਵਿਰਤੀ ਦੀ ਉਮਰ 58 ਸਾਲ ਤੋਂ 60 ਸਾਲ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ।

2. ਇਹ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 9270 ਆਫ 2023 ਵਿੱਚ ਮਿਤੀ 01-05-2023 ਰਾਹੀਂ ਰਿੱਟ ਪਟੀਸ਼ਨ ਡਿਸਪੋਜ ਆਫ ਕਰ ਦਿੱਤੀ ਗਈ ਸੀ ਅਤੇ ਜੋ ਹੁਕਮ ਪਾਸ ਕੀਤੇ ਸਨ, ਉਸ ਦਾ Operative ਭਾਗ ਹੇਠ ਲਿੱਖੇ ਅਨੁਸਾਰ ਹੈ:-

> *" The learned counsel representing the State of Punjab submits that competent authority will take a conscious decision within a period of one week from today, positively*
>
> *Keeping in view the aforesaid facts, the writ petition is disposed of while directing the respondents to let the petitioner continue working till the competent authority takes a conscious decision in the matter.*
>
> *All the pending miscellaneous applications, if any, are also disposed of."*

3. ਇਹ ਕਿ ਪਟੀਸ਼ਨਰ ਨੇ 58 ਸਾਲਦੀਉਮਰਪੂਰੀਹੋਣਤੇਮਿਤੀ 30-04-2023 ਨੂੰਸੇਵਾਨਿਵਿਰਤਹੋਣਾਸੀ। ਅਧਿਕਾਰੀ ਵੱਲੋਂ ਉਸਦੇ ਅੰਗਹੀਣ ਹੋਣ ਕਾਰਨ ਉਸਦੀ ਰਿਟਾਇਰਮੈਂਟ ਦੀ ਉਮਤ 58 ਸਾਲ ਤੋਂ 60 ਸਾਲ ਕਰਨ ਦੀ ਬੇਨਤੀ ਕੀਤੀ ਗਈ। ਪ੍ਰਸੋਨਲ ਵਿਭਾਗ ( ਪ੍ਰਸੋਨਲ ਪਾਲਿਸੀਜ਼ -2 ਸ਼ਾਖਾ ) ਵਲੋਂ ਜਾਰੀ ਹਦਾਇਤਾਂ ਮਿਤੀ 19-11-2014 ਅਤੇ 9/5/2017-2 ਪੀ.ਪੀ.2/20 ਮਿਤੀ 19/02/2021 ਰਾਂਹੀ The persons with Disabilities (Equal Opportunities, protection of Rights and full participation) Act, 1995 (ਕੇਂਦਰੀ ਐਕਟ ਨੰਬਰ:1 ਆਫ 1996) ਦੀ ਧਾਰਾ 33 ਤਹਿਤ The Rights of Persons with Disabilities Act, 2016 ਦੇ ਸੈਕਸ਼ਨ 34 ਵਿੱਚ ਕੀਤੇ ਉਪਬੰਧਾਂ ਅਨੁਸਾਰ ਅੰਗਹੀਣ ਕੈਟੇਗਰੀਜ਼ ਦੇ ਕਰਮਚਾਰੀਆਂ ਦੀ ਸੇਵਾ ਨਵਿਰਤੀ ਦੀ ਉਮਰ 58 ਸਾਲ ਤੋਂ 60 ਸਾਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਅਧਿਕਾਰੀ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ , ਫਰੀਦਕੋਟ ਵਿਚ ਗਠਿਤ ਮੈਡੀਕਲ ਬੋਰਡ ਦੀ ਸਿਫਾਰਸ਼ ਜੋ ਮਿਤੀ 31-03-2023 ਨੂੰ Chronic

O/O DGSE CUM SPD
Sarva Shiksha Abhiyan Authority (Pb.)
Central Dairy
No. 26441 23 Date 27/09/23

Neurological Conditions ਅਧੀਨ ਅਪੰਗਤਾ ਸਰਟੀਫਿਕੇਟ ਜਾਰੀ ਹੋਇਆ ਹੈ, ਜਿਸ ਵਿੱਚ ਉਸਦੀ ਅਪੰਗਤਾ 50% ਦਰਸਾਈ ਗਈ ਹੈ। ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਮਿਤੀ 31-05-2019 ਵਿਚ ਵੀ Chronic Neurological Conditionsਬਿਮਾਰੀ ਨੂੰ ਅਪੰਗਤਾ ਵਾਲੀਆਂ ਬਿਮਾਰੀਆਂ ਵਿਚ ਸ਼ਾਮਲ ਕੀਤਾ ਹੋਇਆ ਹੈ।

4. ਪ੍ਰਸੋਨਲ ਵਿਭਾਗ ਦੀਆ ਹਦਾਇਤਾਂ ਮਿਤੀ 19-11-2014, 19-02-2021 ਅਤੇ The Rights of Persons with Disabilities Act, 2016 ਦੇ ਸੈਕਸ਼ਨ 34 ਵਿੱਚ ਕੀਤੇ ਉਪਬੰਧਾਂ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀ ਨੋਟੀਫਿਕਸ਼ਨ ਮਿਤੀ 31-05-2019 ਅਨੁਸਾਰ ਸ਼੍ਰੀ ਬ੍ਰਿਜਮੋਹਨ ਸਿੰਘ , ਪ੍ਰਿੰਸੀਪਲ , ਸਸਸਸ ਮਾਹਮੂਜੋਇਆ , ਜ਼ਿਲ੍ਹਾ ਫਾਜ਼ਿਲਕਾ ਜਿਸਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 30-4-2023 ਨੂੰ ਰਿਟਾਇਰ ਹੋਣਾ ਸੀ, ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਵਲੋਂ ਗਠਿਤ ਮੈਡੀਕਲ ਬੋਰਡ ਦੀ ਸਿਫਾਰਸ਼ ਤੇ ਮਿਤੀ 31-03-2023 ਨੂੰ ਜਾਰੀ ਸਰਟੀਫਿਕੇਟ ਅਨੁਸਾਰ 50% ਅੰਗਹੀਣ ਹੋਣ ਕਰਕੇ ਹੁਣ ਉਸਦੀ ਸੇਵਾ ਨਵਿਰਤੀ ਦੀ ਉਮਰ 58 ਸਾਲ ਦੀ ਬਜਾਏ 60 ਸਾਲ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ:
23-09-2023

ਕਮਲ ਕਿਸ਼ੋਰ ਯਾਦਵ,ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱ;ਅੰ;ਨੰ./ SED-EDU4011/47/2022-4EDU4

ਮਿਤੀ,ਚੰਡੀਗੜ੍ਹ: 25-09-2023

ਇਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈਃ-

1. ਮਹਾਂਲੇਖਾਕਾਰ, ਪੰਜਾਬ (ਲੇਖਾ ਤੇ ਹੱਕਦਾਰੀ), ਚੰਡੀਗੜ੍ਹ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ – ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ . ਨਗਰ ਮੋਹਾਲੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂਦੀ ਕਾਪੀ ਵਿਭਾਗ ਦੀ ਵੈਬਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਜਿਲ੍ਹਾ ਸਿੱਖਿਆ ਅਫਸਰ (ਸੈਸਿ) , ਫਾਜਿਲਕਾ ਨੂੰ ਅਧਿਕਾਰੀ ਦਾ ਸੇਵਾ ਰਿਕਾਰਡ ਅੱਪਡੇਟ ਕਰਨ ਲਈ।
5. ਜ਼ਿਲ੍ਹਾ ਖਜ਼ਾਨਾ ਅਫਸਰ, ਫਾਜਿਲਕਾ।
6. ਸ਼੍ਰੀ ਬ੍ਰਿਜਮੋਹਨ ਸਿੰਘ , ਪ੍ਰਿੰਸੀਪਲ , ਸਸਸਸ ਮਾਹਮੂਜੋਇਆ , ਜ਼ਿਲ੍ਹਾ ਫਾਜ਼ਿਲਕਾ।

(ਸੁਰਜੀਤ ਸਿੰਘ)
ਸੁਪਰਡੰਟ